ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਲਗਾਏ ਜਾ ਰਹੇ ਸੱਤ ਰੋਜ਼ਾ ਐੱਨ.ਐੱਸ.ਐੱਸ ਕੈਂਪ ਦੇ ਪਹਿਲੇ ਦਿਨ ਵਿਦਿਆਰਥੀਆਂ ਨਾਲ ਸੁਪਰਡੈਂਟ ਬਲਦੇਵ ਕੌਰ ਮਾਨ, ਪ੍ਰੋ: ਕਰਮਦੀਪ ਕੌਰ ਅਤੇ ਹੋਰ। *ਤਸਵੀਰ: ਤੇਜਿੰਦਰ ਸਿੰਘ ਚੱਢਾ*

# ਸਿੱਧਵਾਂ ਕਾਲਜ ਵਿਖੇ ਸੱਤ ਰੋਜ਼ਾ ਐੱਨ.ਐੱਸ.ਐੱਸ ਕੈਂਪ ਦਾ ਉਦਘਾਟਨ

ਚੌਂਕੀਮਾਨ, 28 ਦਸੰਬਰ (ਤੇਜਿੰਦਰ ਸਿੰਘ ਚੱਢਾ)-ਸ੍ਰੀ ਗੁਰੂ ਹਰਿਗੋਬਿੰਦ ਉਜਾਗਰ ਹਰੀ ਟਰੱਸਟ ਸਿੱਧਵਾਂ ਖੁਰਦ ਦੀ ਸਿਰਮੌਰ ਸੰਸਥਾ ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਪ੍ਰਿੰਸੀਪਲ ਡਾ: ਰਾਜਵਿੰਦਰ ਕੌਰ ਹੁੰਦਲ ਦੀ ਯੋਗ ਅਗਵਾਈ ਅਧੀਨ ਅਤੇ ਪ੍ਰੋਗਰਾਮ ਅਫ਼ਸਰਾਂ ਦੇ ਸਹਿਯੋਗ ਨਾਲ ਸੱਤ ਰੋਜ਼ਾ ਰਾਸ਼ਟਰੀ ਯੋਜਨਾ ਕੈਂਪ ਦਾ ਉਦਘਾਟਨ ਕੀਤਾ ਗਿਆ। 'ਸਵੱਛ ਭਾਰਤ ਅਭਿਆਨ ਅਤੇ ਫਿੱਟ ਇੰਡੀਆ' ਕੈਂਪੇਨ ਵਿਸ਼ੇ ਦੇ ਤਹਿਤ ਆਯੋਜਿਤ ਇਸ ਕੈਂਪ ਦੀ ਸ਼ੁਰੂਆਤ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਸ਼ਬਦ ਨਾਲ ਹੋਈ। ਪ੍ਰੋਗਰਾਮ ਅਫ਼ਸਰ ਪ੍ਰੋ: ਕਰਮਦੀਪ ਕੌਰ ਨੇ ਵਲੰਟੀਅਰਾਂ ਨੂੰ ਐੱਨ.ਐੱਸ.ਐੱਸ ਦੇ ਇਤਿਹਾਸ, ਮਹੱਤਤਾ ਅਤੇ ਮੋਟੋ 'ਨੌਟ ਮੀ ਬੱਟ ਯੂ' ਨੂੰ ਮੁੱਖ ਰੱਖਦਿਆਂ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੀ.ਪੀ.ਟੀ ਰਾਹੀਂ ਜਾਣੂੰ ਕਰਵਾਇਆ। ਪ੍ਰੋਗਰਾਮ ਅਫ਼ਸਰ ਪ੍ਰੋ. ਆਸ਼ੀਸ਼ ਕੁਮਾਰ ਨੇ ਡਾਕੂਮੈਂਟਰੀ ਫ਼ਿਲਮ ਰਾਹੀਂ ਵਲੰਟੀਅਰਾਂ ਨੂੰ ਅਰੋਗ ਜੀਵਨ ਬਿਤਾਉਣ ਅਤੇ ਸੁਚੱਜੀ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਕੌਮਾਂਤਰੀ ਸੇਵਾ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਵਲੰਟੀਅਰਾਂ ਨੇ ਸਿੱਧਵਾਂ ਖੁਰਦ ਪਿੰਡ ਵਿਚ ਵਿਚਰ ਕੇ ਵਾਹਨਾਂ ਤੇ ਰਿਫ਼ਲੈਕਟਿੰਗ ਟੇਪ ਚਿਪਕਾਈ ਅਤੇ ਪਿੰਡ ਵਾਸੀਆਂ ਨੂੰ ਆਵਾਜਾਈ ਦੇ ਨਿਯਮਾਂ ਤੋਂ ਜਾਣੂੰ ਕਰਵਾਇਆ। ਅੱਜ ਪਹਿਲੇ ਦਿਨ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਲੰਟੀਅਰਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਵੱਖ-ਵੱਖ ਕਮੇਟੀਆਂ ਜਿਵੇਂ ਅਨੁਸ਼ਾਸਨ, ਮੈੱਸ, ਸੱਭਿਆਚਾਰਕ, ਹਾਜ਼ਰੀ, ਸਫ਼ਾਈ ਅਤੇ ਪ੍ਰੈੱਸ ਕਮੇਟੀਆਂ ਬਣਾਈਆਂ ਗਈਆਂ ਅਤੇ ਵਲੰਟੀਅਰਾਂ ਲਈ ਚਾਹ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

ਅਜੀਤ
29-Dec-2022
Page: 6
http://epaper.ajitjalandhar.com/edition/20221229/19/6.cms

# 20.

## National Youth Day

On January 12, 2023 Red Ribbon Club and Red Cross Society celebrated National Youth Day to commemorate the birth anniversary of great social reformer and philosopher Swami Vivekanand. Online speeches delivered by the students on topics relevant to the day marked the occasion. Dr. Iqbaljit Kaur, Prof. Gagandeep Singh, Dr. Amandeep Kaur and Prof. Gurjeet Singh encouraged the students through their motivational addresses to excel in all endeavours and build a progressive society.





ਖਾਲਸਾ ਕਾਲਜ ਫਾਰ ਵਿਮੈਨ ਵਿਖੇ ਆਨਲਾਈਨ ਕਰਵਾਏ ਗਏ ਰਾਸ਼ਟਰੀ ਯੁਵਕ ਦਿਵਸ ਮਨਾਉਣ ਮੌਕੇ ਵਿਦਿਆਰਥੀ ਅਤੇ ਮੈਂਬਰ।

# ਸਿੱਧਵਾਂ ਕਾਲਜ 'ਚ ਰਾਸ਼ਟਰੀ ਯੁਵਕ ਦਿਵਸ ਮਨਾਇਆ

**ਸਤੀਸ਼ ਗੁਪਤਾ, ਚੌਕੀਮਾਨ**

ਸਿੱਧਵਾਂ ਕਾਲਜ ਵਿਖੇ ਰੈੱਡ ਰਿਬਨ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਸਵਾਮੀ ਵਿਵੇਕਾਨੰਦ ਜੀ ਦੀ ਜਨਮ ਵਰ੍ਹੇ ਗੰਢ ਮੌਕੇ ਰਾਸ਼ਟਰੀ ਯੁਵਕ ਦਿਵਸ ਮਨਾਇਆ ਗਿਆ। ਇਸ ਮੌਕੇ ਸਵਾਮੀ ਵਿਵੇਕਾਨੰਦ ਜੀ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਭਾਸ਼ਣ ਮੁਕਾਬਲਾ ਕਰਵਾਇਆ ਗਿਆ।

ਇਸ ਮੁਕਾਬਲੇ ਵਿਚ ਵਿਦਿਆਰਥੀਆਂ ਵੱਲੋਂ ਸਫਲ ਜੀਵਨ ਜੀਣ ਦੇ ਨੁਕਤੇ, ਕਦੇ ਹਾਰ ਨਾ ਮੰਨ ਕੇ ਖੁਦ ਉਪਰ ਕੁਝ ਕਰ ਗੁਜ਼ਰਨ ਦਾ ਵਿਸ਼ਵਾਸ, ਅੰਦਰੂਨੀ ਬਦਲਾਅ, ਦੂਸਰਿਆਂ ਦੀ ਭਲਾਈ ਲਈ ਹਰ ਸੰਭਵ ਯਤਨ, ਭਲਾ ਕਰਨ ਤੋਂ ਬਾਅਦ ਬਦਲੇ ਵਿਚ ਕੋਈ ਵੀ ਆਸ ਨਾ ਰੱਖਣਾ ਅਤੇ ਜ਼ਿੰਦਗੀ 'ਤੇ ਭਾਸ਼ਣ ਦਿੱਤੇ ਗਏ।

ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਡਾ. ਰਾਜਵਿੰਦਰ ਕੌਰ ਹੁੰਦਲ ਵੱਲੋਂ ਵਿਦਿਆਰਥੀਆਂ ਨੂੰ ਹਰ ਹਾਲ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਸਫਲਤਾ ਉਨ੍ਹਾਂ ਦੇ ਹੀ ਪੈਰ ਚੁੰਮਦੀ ਹੈ, ਜਿਨ੍ਹਾਂ ਨੇ ਹਾਰ ਨਾ ਮੰਨਕੇ ਆਪਣੇ ਮੰਤਵ ਤੱਕ ਪਹੁੰਚਣ ਦਾ ਦ੍ਰਿੜ ਇਰਾਦਾ ਕਰ ਲਿਆ ਹੁੰਦਾ ਹੈ। ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ. ਇਕਬਾਲਜੀਤ ਕੌਰ ਅਤੇ ਡਾ.ਅਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਹਲਾਤ ਭਾਵੇਂ ਕੁਝ ਵੀ ਹੋਣ। ਪ੍ਰੋ. ਗੁਰਜੀਤ ਸਿੰਘ ਨੇ ਪੂਰੀ ਮਾਨਵਤਾ ਦੇ ਭਲੇ ਲਈ ਕੰਮ ਕਰਨ ਦੀ ਹੱਲਾਸ਼ੇਰੀ ਦਿੱਤੀ। ਪ੍ਰੋ. ਗਗਨਦੀਪ ਔਲਖ ਵੱਲੋਂ ਇਸ ਪ੍ਰੋਗਰਾਮ ਵਿਚ ਸ਼ਿਰਕਤ

# 21. Lohri Celebrated





On January 17, 2023 'Lohri Dheeyan di' was celebrated. S. Harmail Singh Sidhu, Honourable Senior Member of SGHGU Hari Trust graced the event with his august presence as Chief Guest and performed the customary ritual of lighting the bonfire and distribution of groundnuts and rewari to the participants. Performances by students in the form of songs, dances, poetical recitation and speeches enlivened the atmosphere. S. Harmail Singh Sidhu asked the students to advertise the excellent qualities of the institution and blessed the girls. Principal, Dr. Rajwinder Kaur Hundal told about the cultural significance of the festival and wished a glorious future for the college. The staff and students joyously celebrated the day.



ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਧੀਆਂ ਦੀ ਲੋਹੜੀ ਮਨਾਉਣ ਸਮੇਂ ਕਾਲਜ ਸਟਾਫ਼ ਨਾਲ ਮੈਂਬਰ ਹਰਮੇਲ ਸਿੰਘ ਸਿੱਧੂ, ਪ੍ਰਿੰਸੀਪਲ ਡਾ. ਰਾਜਵਿੰਦਰ ਕੌਰ ਹੁੰਦਲ ਅਤੇ ਹੋਰ। ਤਸਵੀਰ: ਤੇਜਿੰਦਰ ਸਿੰਘ ਚੱਢਾ

# ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਧੀਆਂ ਨੂੰ ਸਮਰਪਿਤ ਲੋਹੜੀ ਸਮਾਗਮ

ਚੌਂਕੀਮਾਨ, 17 ਜਨਵਰੀ (ਤੇਜਿੰਦਰ ਸਿੰਘ ਚੱਢਾ)-ਸ੍ਰੀ ਗੁਰੂ ਹਰਿਗੋਬਿੰਦ ਉਜਾਗਰ ਹਰੀ ਟਰੱਸਟ ਸਿੱਧਵਾਂ ਖੁਰਦ ਦੀ ਸਿਰਮੌਰ ਸੰਸਥਾ ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਦੇ ਪ੍ਰਿੰਸੀਪਲ ਡਾ. ਰਾਜਵਿੰਦਰ ਕੌਰ ਹੁੰਦਲ ਦੀ ਯੋਗ ਅਗਵਾਈ ਹੇਠ 'ਲੋਹੜੀ ਧੀਆਂ ਦੀ' ਸਮਾਗਮ ਕੀਤਾ। ਇਸ ਮੌਕੇ ਟਰੱਸਟ ਦੇ ਸੀਨੀਅਰ ਮੈਂਬਰ ਹਰਮੇਲ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਰਵਾਇਤ ਅਨੁਸਾਰ ਲੋਹੜੀ ਦੇ ਤਿਉਹਾਰ ਮੌਕੇ ਮੁੱਖ ਮਹਿਮਾਨ, ਪ੍ਰਿੰਸੀਪਲ ਤੇ ਸਮੂਹ ਸਟਾਫ਼ ਨੇ ਸਮੂਹਿਕ ਰੂਪ ਵਿਚ ਧੂਣੀ ਬਾਲ ਕੇ ਤਿਲ ਅਰਪਣ ਕੀਤੇ। ਕਾਲਜ ਦੇ ਪ੍ਰਿੰਸੀਪਲ ਨੇ ਮੁੱਖ ਮਹਿਮਾਨ ਨੂੰ ਨਿੱਘੀ ਜੀ ਆਇਆ ਕਿਹਾ ਅਤੇ ਨਵ-ਵਿਆਹੇ ਸਟਾਫ਼ ਮੈਂਬਰਾਂ ਤੇ ਨਵ-ਜੰਮੇ ਬੱਚਿਆਂ ਦੀ ਪਹਿਲੀ ਲੋਹੜੀ ਦੀ ਵਧਾਈ ਦਿੱਤੀ। ਟਰੱਸਟ ਮੈਂਬਰ ਹਰਮੇਲ ਸਿੰਘ ਸਿੱਧੂ ਨੇ ਵਿਦਿਆਰਥਣਾਂ ਨੂੰ ਮੁਖ਼ਾਤਿਬ ਹੁੰਦਿਆਂ ਮੁੰਡਿਆਂ ਦੇ ਬਰਾਬਰ ਆਪਣੀ ਬੇਟੀ ਦੇ ਜਨਮ ਦੀ ਸੰਨ 1972 ਵਿਚ ਮਨਾਈ ਪਹਿਲੀ ਲੋਹੜੀ ਦਾ ਹਵਾਲਾ ਦਿੰਦਿਆਂ, ਧੀਆਂ ਦੀ ਲੋਹੜੀ ਮਨਾਉਣ 'ਤੇ ਖ਼ੁਸ਼ੀ ਪ੍ਰਗਟ ਕੀਤੀ। ਉਨ੍ਹਾਂ ਅਜੋਕੇ ਦੌਰ 'ਚ ਔਰਤ ਦੀ ਸਰਵਪੱਖੀ ਸ਼ਖ਼ਸੀਅਤ, ਮੁੰਡਿਆਂ ਦੇ ਮੁਕਾਬਲੇ ਕੁੜੀਆਂ ਵਲੋਂ ਵੱਧ ਪਿਆਰ ਮਿਲਣ ਆਦਿ ਨੂੰ ਸਾਂਝਾ ਕੀਤਾ। ਮੁੱਖ ਮਹਿਮਾਨ ਤੇ ਸੰਸਥਾ ਦੇ ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਮੂੰਗਫਲੀ ਤੇ ਰਿਉੜੀਆਂ ਵੰਡ ਕੇ ਲੋਹੜੀ ਦਾ ਜਸ਼ਨ ਮਨਾਇਆ। ਸਟਾਫ਼ ਲਈ ਚਾਹ ਪਾਰਟੀ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਇੰਦਰਜੀਤ ਕੌਰ ਤੇ ਪ੍ਰੋ. ਕਰਮਦੀਪ ਕੌਰ ਨੇ ਸਾਂਝੇ ਰੂਪ ਵਿਚ ਬਾਖ਼ੂਬੀ ਨਿਭਾਈ। ਸਟਾਫ਼ ਤੇ ਵਿਦਿਆਰਥਣਾਂ ਨੇ ਲੋਕ ਨਾਚ ਗਿੱਧੇ ਰਾਹੀਂ ਆਪਣੇ ਖ਼ੁਸ਼ੀ ਦੇ ਭਾਵਾਂ ਦਾ ਇਜ਼ਹਾਰ ਕੀਤਾ। ਸਟਾਫ਼ ਅਤੇ ਵਿਦਿਆਰਥਣਾਂ ਦੀ ਭਰਵੀਂ ਹਾਜ਼ਰੀ ਨਾਲ ਸਮਾਗਮ ਬੇਹੱਦ ਸਫ਼ਲ ਰਿਹਾ।

ਅਜੀਤ ®©
18-Jan-2023
Page: 7
http://epaper.ajitjalandhar.com/edition/20230118/19/7.cms

# 22. Birth Anniversary of Shri Guru Gobind Singh Ji



On January 24, 2023 Sidhwan Group of Institutions, collectively celebrated the Birth Anniversary of Guru Gobind Singh Ji under the aegis of SGHGU Hari Trust. Bhog ceremony of Sehaj Path was conducted and Kirtan, Kavishree, speeches by staff and students were presented to celebrate the occasion. World renowned Sikh Philosopher and Dhadi, S. Satinderpal Singh Singh Sidhwan was the Chief Guest who enlightened the audience about the sacrifice and teachings of Guru Gobind Singh Ji. The New Year Calendar published by our college was released by Honourable Manager of SGHGU Hari Trust S. Pardeep Singh, Senior Member, S. Harmail Singh, the Chief Guest, S. Satinderpal Singh Sidhwan, Dr. S.K. Nayak and Dr. Shweta Dhand, Director and Officiating Principal respectively from GHG Institute of Law for Women and Principal Sikh Girls Senior Secondary School ,Mr. Jatinder Kaur accompanied by Dr. Rajwindre Kaur Hundal. The Chief Guest was honoured by the Management and Principals of Sidhwan Group of Institutions.

# 23. Lecture on Life Style for Environment




On January 30, 2023 Red Ribbon Club and Red Cross Society jointly commemorated $75^{th}$ Anniversary of India's Freedom by organizing various activities. Dr. Iqbaljit Kaur delivered a lecture on 'Sustainability / Life Style for Environment (Life)', Dr. Amandeep Kaur presented a PPT on the theme and Prof. Gurjeet delivered a speech on Natu re Conservation. Principal, Dr. Rajwinder Kaur Hundal, enlightened the students on the importance of balanced ecosystems for a healthy and prosperous life.

# 24. National Seminar on Gender Sensitization




On February 15, 2023, Post Graduate Department of English organized One Day National Seminar on 'Emerging Trends in Gender Sensitization'. Prof (Dr.) Umed Singh Chairperson, Department of English and Foreign Languages, Chaudhary Devi Lal University, Sirsa delivered the Inaugural Address, Prof. (Dr.) Sangeeta Handa, Former Principal, Mohindra College Patiala, Keynote Speaker, Dr. Meenu Aggarwal Gupta, Associate Professor, Dept. of English and Cultural studies Panjab University Chandigarh and Dr. Ashoo Toor, Assistant Professor, Dept. of Agricultural Journalism, Languages and Culture, PAU Ludhiana. In his inaugural address Dr. Umed Singh paid homage to the revered Founders of the institution and delivered his speech on 'Recognizing Equality'. Prof. (Dr.) Sangeeta Handa presented a theoretical analysis of aspects of gender and took examples from myths and popular cinema to highlight that gender is man-made not divinely sanctioned. She also discussed the traditional roles assigned to men and women and the changes happening in contemporary times under western influence. Dr. Meenu Aggarwal Gupta gave a PPT on 'Space of the Third Gender in Indian Mythology' and enlightened the audience about the long tradition of the presence and acceptance of the third gender in India.Dr. Ashoo Toor presented a PPT on "Gender Stereotypes and Social Conditioning" in which she gave interesting examples from daily life to show how so called normative behavior encourages set patterns of gender. This was followed by paper presentations by the delegates. S. Harmail Singh Sidhu, Senior member, SGHGU Hari Trust graced the occasion and thanked the worthy guests. He stressed on life-long learning and the significance to follow religious teachings for an egalitarian society. Dr. Amandeep Kaur Principal, GHG Harparkash College of Education and Dr. Shweta Dhand, Officiating Principal, GHG Institute of Law attended the programme. Dr.Iqbaljit Kaur Incharge proposed the formal vote of thanks. The Organizing Secretary, Dr. Gagandeep Dharni, HOD, English Department conducted the proceedings effectively.

On March 08, 2023, International Womens' Day was celebrated by NSS units and cultural committee in collaboration with GHG Harparkash College of Education, Sidhwan Khurd. Chief guest and Resource Person of the event was Dr. Shweta Dhand, Off. Principal, GHG Institute of Law, Sidhwan Khurd. She presented a PPT on the topic "Women Empowerment in India-Rights, Law and Policies.



ਖ਼ਾਲਸਾ ਕਾਲਜ ਫ਼ਾਰ ਵਿਮੈਨ ਵਿਖੇ 'ਅੰਤਰਰਾਸ਼ਟਰੀ ਨਾਰੀ ਦਿਵਸ' ਸੰਬੰਧੀ ਸਮਾਗਮ

ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖ਼ੁਰਦ ਵਿਖੇ ਅੰਤਰਰਾਸ਼ਟਰੀ ਨਾਰੀ ਦਿਵਸ ਮਨਾਉਣ ਸਮੇਂ ਮੁੱਖ ਬੁਲਾਰੇ ਪ੍ਰਿੰਸੀਪਲ ਡਾ. ਸ਼ਵੇਤਾ ਢੰਡ ਨੂੰ ਫੁੱਲ ਦਾ ਗੁਲਦਸਤਾ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਡਾ. ਅਮਨਦੀਪ ਕੌਰ ਅਤੇ ਹੋਰ। ਤਸਵੀਰ: ਚੱਢਾ

ਚੌਕੀਮਾਨ, 7 ਮਾਰਚ (ਤੇਜਿੰਦਰ ਸਿੰਘ ਚੱਢਾ)-ਖ਼ਾਲਸਾ ਕਾਲਜ ਫ਼ਾਰ ਵਿਮੈਨ ਅਤੇ ਜੀ.ਐੱਚ.ਜੀ ਹਰਿਪ੍ਰਕਾਸ਼ ਕਾਲਜ ਆਫ਼ ਐਜੂਕੇਸ਼ਨ ਫ਼ਾਰ ਵਿਮੈਨ ਸਿੱਧਵਾਂ ਖ਼ੁਰਦ ਦੇ ਐੱਨ.ਐੱਸ.ਐੱਸ. ਵਿੰਗ ਅਤੇ ਸੱਭਿਆਚਾਰਕ ਕਮੇਟੀ ਦੁਆਰਾ ਸਾਂਝੇ ਰੂਪ ਵਿਚ ਪ੍ਰਿੰਸੀਪਲ ਡਾ. ਅਮਨਦੀਪ ਕੌਰ ਦੀ ਅਗਵਾਈ ਅਧੀਨ 'ਅੰਤਰਰਾਸ਼ਟਰੀ ਨਾਰੀ ਦਿਵਸ' ਮਨਾਇਆ ਗਿਆ। ਇਸ ਮੌਕੇ ਜੀ ਐਚ ਜੀ ਇੰਸਟੀਚਿਊਟ ਆਫ਼ ਲਾਅ ਸਿੱਧਵਾਂ ਖ਼ੁਰਦ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਸ਼ਵੇਤਾ ਢੰਡ ਨੇ ਬਤੌਰ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਅਮਨਦੀਪ ਕੌਰ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਦਿਆਂ ਮੈਨੇਜਮੈਂਟ ਅਤੇ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਵਲੋਂ ਮੁੱਖ ਬੁਲਾਰੇ ਨੂੰ ਨਿੱਘੀ ਜੀ ਆਇਆਂ ਕਿਹਾ। ਮੁੱਖ ਬੁਲਾਰੇ ਨੇ ਪੀ.ਪੀ.ਟੀ. ਦੇ ਮਾਧਿਅਮ ਰਾਹੀਂ 'ਭਾਰਤ ਦੇ ਅਧਿਕਾਰ ਕਾਨੂੰਨਾਂ ਅਤੇ ਨੀਤੀਆਂ ਵਿਚ ਨਾਰੀ ਸਸ਼ਕਤੀਕਰਨ' 'ਤੇ ਵਿਚਾਰ ਸਾਂਝੇ ਕੀਤੇ। ਪ੍ਰਿੰ. ਡਾ. ਅਮਨਦੀਪ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਿਤ ਕਰਦਿਆਂ ਅੰਤਰਰਾਸ਼ਟਰੀ ਨਾਰੀ ਦਿਵਸ ਦੀ ਮੁਬਾਰਕਬਾਦ ਦਿੱਤੀ। ਸੰਸਥਾ ਵਲੋਂ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਡਾ. ਜਗਮਿੰਦਰ ਕੌਰ ਨੇ ਮੁੱਖ ਬੁਲਾਰੇ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਇੰਦਰਜੀਤ ਕੌਰ ਨੇ ਨਿਭਾਈ।

## One Day National Seminar on 'Emerging Trends in Gender Sensitization'



# ਕਾਲਜ 'ਚ ਕਰਵਾਇਆ ਰਾਸ਼ਟਰੀ ਸੈਮੀਨਾਰ

**ਸਤੀਸ਼ ਗੁਪਤਾ, ਚੌਕੀਮਾਨ**



**ਖ਼ਾਲਸਾ ਕਾਲਜ ਫਾਰ ਵਿਮੈੱਨ ਸਿੱਧਵਾਂ ਵਿਖੇ ਕਰਵਾਏ ਸੈਮੀਨਾਰ 'ਚ ਮਹਿਮਾਨ ਤੇ ਪ੍ਰਬੰਧਕ।** ਪੰਜਾਬੀ ਜਾਗਰਣ

ਖ਼ਾਲਸਾ ਕਾਲਜ ਫਾਰ ਵਿਮੈੱਨ ਸਿੱਧਵਾਂ ਵਿਖੇ 'ਲਿੰਗ ਸੰਵੇਦਨਾ 'ਚ ਉਭਰ ਰਹੇ ਰੁਝਾਨ' ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਪ੍ਰਿੰਸੀਪਲ ਡਾ. ਰਾਜਵਿੰਦਰ ਕੌਰ ਹੁੰਦਲ ਦੀ ਅਗਵਾਈ ਹੇਠ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਵਿਦਿਆਰਥਣਾਂ ਦੁਆਰਾ ਸ਼ਬਦ ਗਾਇਨ ਨਾਲ ਹੋਈ। ਸੈਮੀਨਾਰ ਦੇ ਉਦਘਾਟਨੀ ਭਾਸ਼ਣ 'ਚ ਪ੍ਰੋ. ਉਮੈਦ ਸਿੰਘ ਨੇ ਸਿੱਧਵਾਂ ਵਿਦਿਅਕ ਸੰਸਥਾਵਾਂ ਦੇ ਪੂਜਨੀਕ ਬਾਨੀਆਂ ਨੂੰ ਨਤਮਸਤਕ ਹੁੰਦਿਆਂ 'ਲਿੰਗ ਸਮਾਨਤਾ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।

ਉਨ੍ਹਾਂ ਵਿਭਿੰਨ ਵਿਸ਼ਿਆਂ 'ਚ ਸਬੰਧਤ ਵਿਸ਼ੇ ਦੀ ਹੋਂਦ, ਲਿੰਗ ਸਮਾਨਤਾ ਸਬੰਧੀ ਵਿਭਿੰਨ ਮਾਪਦੰਡ, ਸਮਾਜਿਕ ਦ੍ਰਿਸ਼ਟੀਕੋਣ, ਗਲੋਬਲੀ ਪਰਿਪੇਖ 'ਚ ਸਮਾਨਤਾ ਤੇ ਅਸਮਾਨਤਾ ਨੂੰ ਮਿਸਾਲਾਂ ਸਹਿਤ ਦਰਪੇਸ਼ ਕੀਤਾ। ਉਨ੍ਹਾਂ ਉਦਾਰਵਾਦੀ, ਸਮਾਜਵਾਦੀ, ਮਾਰਕਸਵਾਦੀ ਤੇ ਨਾਰੀਵਾਦ ਆਦਿ ਵਿਭਿੰਨ ਪਰਿਪੇਖ ਤੇ ਰੌਸ਼ਨੀ ਪਾਈ। ਪ੍ਰੋ. ਸੰਗੀਤਾ ਹਾਂਡਾ ਨੇ ਲਿੰਗ ਸਮਾਨਤਾ ਦੇ ਸਿਧਾਂਤਕ ਪੱਖ ਨੂੰ ਸਾਹਿਤਕ ਤੇ ਮਿਥਿਹਾਸਕ ਮਿਸਾਲਾਂ ਸਹਿਤ ਪੇਸ਼ ਕੀਤਾ। ਉਨ੍ਹਾਂ ਰਵਾਇਤੀ ਤੇ ਸਮਕਾਲੀ ਵਿਚਾਰਧਾਰਾ, ਸਮਕਾਲੀ ਪ੍ਰਸੰਗ 'ਚ ਔਰਤ ਤੇ ਮਰਦ ਦਾ ਬਦਲਦਾ ਦ੍ਰਿਸ਼ਟੀਕੋਣ, ਪੱਛਮੀ ਸਭਿਆਚਾਰ ਦਾ ਪ੍ਰਭਾਵ ਆਦਿ ਵਿਸ਼ਿਆਂ ਨੂੰ ਵਿਚਾਰ ਅਧੀਨ ਲਿਆਂਦਾ। ਡਾ. ਮੀਨੂੰ ਅਗਰਵਾਲ ਨੇ 'ਸਪੇਸ ਆਫ਼ 'ਥਰਡ' ਜੈਂਡਰ ਇਨ ਦਾ ਇੰਡੀਅਨ ਮੈਥੇਡੋਲਾਜੀ' ਵਿਸ਼ੇ ਤੇ ਡਾ. ਆਸ਼ੂ ਤੂਰ ਨੇ 'ਜੈਂਡਰ ਸਟੀਰੀਓ ਟਾਈਪਸ ਐਂਡ ਸੋਸ਼ਲ ਕੰਡਿਸ਼ਨਿੰਗਜ਼' ਵਿਸ਼ੇ ਤੇ ਪੀਪੀਟੀ ਰਾਹੀ ਵਿਚਾਰ ਪ੍ਰਗਟਾਏ। ਟਰੱਸਟ ਮੈਂਬਰ ਹਰਮੇਲ ਸਿੰਘ ਸਿੱਧੂ ਨੇ ਸਾਰੇ ਵਿਦਵਾਨਾਂ ਤੇ ਅਧਿਆਪਕਾਂ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ।

ਪਹਿਲੇ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਡਾ. ਮੀਨੂੰ ਅਗਰਵਾਲ ਦੁਆਰਾ ਕੀਤੀ ਗਈ। ਇਸ ਮੌਕੇ ਪ੍ਰੋ. ਪ੍ਰਵੀਨ ਮੰਗਾ ਤੇ ਪ੍ਰੋ. ਕਮਲਪ੍ਰੀਤ ਦੁਆਰਾ ਸਾਂਝੇ ਰੂਪ 'ਚ, ਪ੍ਰੋ. ਕੁਸਮ ਭਾਟੀਆ ਤੇ ਹਰਮਨਗੀਤ ਕੌਰ ਰੰਧਾਵਾ ਨੇ ਸਬੰਧਤ ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤੇ ਤੇ ਇਨ੍ਹਾਂ ਖੋਜ ਪੱਤਰਾਂ 'ਤੇ ਵਿਚਾਰ-ਵਟਾਂਦਰਾ ਹੋਇਆ। ਦੂਜੇ ਤਕਨੀਕੀ ਸੈਸ਼ਨ 'ਚ ਡਾ. ਆਸ਼ੂ ਤੂਰ ਦੀ ਪ੍ਰਧਾਨਗੀ ਹੇਠ ਡਾ. ਮਨਦੀਪ ਕੌਰ, ਕੁਲਵਿੰਦਰ ਕੌਰ ਤੇ ਗੁਰਸ਼ਰਨ ਕੌਰ ਨੇ ਖੋਜ ਪੱਤਰ ਪੇਸ਼ ਕੀਤੇ। ਸੰਸਥਾ ਦੁਆਰਾ ਸਮੂਹ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਦਿਆਂ ਸਨਮਾਨਿਤ ਕੀਤਾ ਗਿਆ। ਪ੍ਰਬੰਧਕੀ ਸਕੱਤਰ ਡਾ. ਗਗਨਦੀਪ ਧਾਰਨੀ, ਮੁਖੀ ਅੰਗਰੇਜ਼ੀ ਵਿਭਾਗ ਦੁਆਰਾ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

# 25.

## Holi Celebration



On March 08, 2023, Festival of Holi was celebrated by staff and students with fun and frolic.

# 26.

## Activities regarding G-20



On February 22, 2023, under the directions of Dean College Development Council, PU, Chandigarh, NSS units conducted various activities regarding G-20

- Group discussion on topic G-20 to discuss history and objectives of G-20.
- 33 students participated in G-20 based E-quiz conducted on Mygov portal and got e-certificates
- A documentary on G-20 was screened for the volunteers.

# 27.

## International Womens' Day Celebration



# 28.

## An Educational and Cultural Tour



On March 17, 2023, Khalsa College for Women and GHG Harparkash College of Education for Women jointly organized an educational and cultural tour to Pinjore garden, a beautiful heritage site situated in Panchkula district of Haryana where the students enjoyed the splendor of natural scenes in the garden. Later the participants visited Chokhi Dhani where they entertained themselves by relishing Rajasthani cuisine, folk dances in cultural attire, puppet show, mehndi, joy rides and dance party. Principal, Dr. Amandeep Kaur shared that such educational trips not only enhance the knowledge of students but also lead to their comprehensive personality development. 104 students participated in the trip. Prof. Inderjit Kaur and Dr. Mahipal Dutt were the in-charges of this educational tour.



ਵਿਦਿਅਕ ਟੂਰ ਦੌਰਾਨ ਖ਼ਾਲਸਾ ਕਾਲਜ ਫਾਰ ਵਿਮੈਨ ਦੇ ਅਧਿਆਪਕ ਅਤੇ ਵਿਦਿਆਰਥਣਾਂ।

### ਸਿੱਧਵਾਂ ਸੰਸਥਾਵਾਂ ਦਾ ਵਿੱਦਿਅਕ ਟੂਰ ਲਾਇਆ

ਪੱਤਰ ਪ੍ਰੇਰਕ, ਚੌਕੀਮਾਨ : ਖਾਲਸਾ ਕਾਲਜ ਫਾਰ ਵਿਮਨ ਅਤੇ ਜੀਐੱਚਜੀ ਹਰਪ੍ਰਕਾਸ਼ ਕਾਲਜ ਆਫ਼ ਐਜੂਕੇਸ਼ਨ ਫਾਰ ਵਿਮਨ ਦੀਆਂ ਵਿਦਿਆਰਥਣਾਂ ਲਈ ਸਾਂਝੇ ਰੂਪ ਵਿੱਚ ਵਿੱਦਿਅਕ ਅਤੇ ਸੱਭਿਆਚਾਰਕ ਟੂਰ ਆਯੋਜਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਅਮਨਦੀਪ ਕੌਰ ਦੀ ਅਗਵਾਈ ਵਿੱਚ ਮਹਾਰਾਜਾ ਯਾਦਵਿੰਦਰ ਪਿੰਜੌਰ ਗਾਰਡਨ ਅਤੇ ਚੋਖੀ ਢਾਣੀ ਵਿਖੇ ਟੂਰ ਲਿਜਾਇਆ ਗਿਆ। ਪਿੰਜੌਰ ਗਾਰਡਨ ਹਰਿਆਣਾ ਰਾਜ ਦੇ ਪੰਚਕੂਲਾ ਜ਼ਿਲ੍ਹੇ ਵਿੱਚ ਪੈਂਦੇ ਇੱਕ ਰਮਣੀਕ ਇਤਿਹਾਸਕ ਬਾਗ ਵਿੱਚ ਵਿਦਿਆਰਥਣਾਂ ਨੇ ਕੁਦਰਤ ਦੀ ਖੂਬਸੂਰਤੀ ਦਾ ਆਨੰਦ ਮਾਣਿਆ ਅਤੇ ਚੋਖੀ ਢਾਣੀ ਵਿਖੇ ਵਿਦਿਆਰਥਣਾਂ ਨੇ ਰਾਜਸਥਾਨੀ ਖਾਣਾ, ਪਹਿਰਾਵਾ, ਲੋਕ ਨਾਚ, ਪੁਤਲੀ ਨਾਚ, ਮਹਿੰਦੀ, ਝੂਲੇ ਅਤੇ ਡਾਂਸ ਪਾਰਟੀ ਨਾਲ ਖੂਬ ਮਨੋਰੰਜਨ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਅਜਿਹੇ ਵਿਦਿਅਕ ਟੂਰ ਜਿੱਥੇ ਵਿਦਿਆਰਥਣਾਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ, ਉੱਥੇ ਉਨ੍ਹਾਂ ਦਾ ਸਰਵਪੱਖੀ ਵਿਕਾਸ ਵੀ ਹੁੰਦਾ ਹੈ। ਉਨ੍ਹਾਂ ਇਸ ਟੂਰ ਦੀ ਸਫਲਤਾ ਨੂੰ ਦੇਖਦੇ ਹੋਏ ਦੱਸਿਆ ਕਿ ਭਵਿੱਖ ਵਿੱਚ ਅਜਿਹੇ ਹੋਰ ਵਿਦਿਅਕ ਟੂਰ ਆਯੋਜਿਤ ਕੀਤੇ ਜਾਣਗੇ। ਇਸ ਟੂਰ ਵਿੱਚ ਕੁੱਲ 104 ਵਿਦਿਆਰਥੀ ਸ਼ਾਮਿਲ ਹੋਏ। ਇਸ ਵਿਦਿਅਕ ਟੂਰ ਦੇ ਇੰਚਾਰਜ ਪ੍ਰੋ. ਇੰਦਰਜੀਤ ਕੌਰ ਅਤੇ ਡਾ. ਮਹੀਪਾਲ ਦੱਤ ਸਨ।

# 29.

## Group Discussion on the movie 'Pipli Live'



On March 21, 2023, Group Discussion on the movie 'Pipli Live' was organized by the Post graduate Department of English. The group discussion explored various dimensions of the film like entertainment value, significance as a satire, themes of land ownership, farmer suicide, media coverage of serious social issues and responses of the politicians and society to problems affecting the rural poor. The students enthusiastically participated in the discussion. Prof. Roopa Kaur Rai moderated the session and Dr. Gagandeep Dharni, HoD English Department applauded the students for their efforts.



ਖ਼ਾਲਸਾ ਕਾਲਜ ਫਾਰ ਵਿਮੈੱਨ ਸਿੱਧਵਾਂ ਖੁਰਦ ਵਿਖੇ 'ਪਿੱਪਲੀ ਲਾਈਵ' ਫ਼ਿਲਮ ਤੇ ਵਿਦਿਆਰਥਣਾਂ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗਗਨਦੀਪ ਧਾਰਨੀ, ਡਾ. ਨਵਦੀਪ ਕੌਰ, ਪ੍ਰੋ. ਰੂਪਾ ਕੌਰ ਰਾਏ ਤੇ ਹੋਰ।

### ਕਾਲਜ 'ਚ 'ਪਿੱਪਲੀ ਲਾਈਵ' ਫ਼ਿਲਮ ਤੇ ਵਿਚਾਰ-ਵਟਾਂਦਰਾ

ਸਤੀਸ਼ ਗੁਪਤਾ, ਚੌਕੀਮਾਨ

ਖ਼ਾਲਸਾ ਕਾਲਜ ਫ਼ਾਰ ਵਿਮੈੱਨ ਸਿੱਧਵਾਂ ਖੁਰਦ ਦੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਦੀ ਅਗਵਾਈ ਅਧੀਨ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵੱਲੋਂ 'ਪਿੱਪਲੀ ਲਾਈਵ' ਫ਼ਿਲਮ ਤੇ ਵਿਦਿਆਰਥਣਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਵਿਚਾਰ-ਵਟਾਂਦਰੇ ਦੌਰਾਨ ਫ਼ਿਲਮ ਦੇ ਵੱਖ-ਵੱਖ ਮਾਪਦੰਡ ਜਿਨ੍ਹਾਂ 'ਚ ਮਨੋਰੰਜਨ, ਵਿਅੰਗ ਦੀ ਮਹੱਤਤਾ, ਕਿਸਾਨਾਂ ਵੱਲੋਂ ਖ਼ੁਦਕੁਸ਼ੀ, ਮੀਡੀਆ ਵੱਲੋਂ ਸਮਾਜਿਕ ਪੱਖਾਂ ਦੀ ਜਾਂਚ, ਸਿਆਸਤਦਾਨਾਂ ਦੀ ਭੂਮਿਕਾ, ਜ਼ਮੀਨ ਦੀ ਮਾਲਕੀ ਦਾ ਵਿਸ਼ਾ, ਪੇਂਡੂ ਤੇ ਗਰੀਬ ਕਿਸਾਨਾਂ ਦੇ ਸਮਾਜਿਕ ਜੀਵਨ ਆਦਿ ਪੱਖਾਂ ਨੂੰ ਵਿਚਾਰ ਅਧੀਨ ਲਿਆਂਦਾ ਗਿਆ। ਵਿਦਿਆਰਥਣਾਂ ਨੇ ਬੜੇ ਹੀ ਉਤਸ਼ਾਹ ਤੇ ਰੋਚਕਤਾ ਨਾਲ ਵਿਚਾਰ ਵਟਾਂਦਰੇ 'ਚ ਭਾਗ ਲਿਆ ਤੇ ਵਿਚਾਰ ਪੇਸ਼ ਕੀਤੇ।

ਉਨ੍ਹਾਂ ਸਮਕਾਲੀ ਦੌਰ 'ਚ ਫ਼ਿਲਮ ਅਧਾਰਿਤ ਆਪਣੇ ਵਿਚਾਰਾਂ ਨੂੰ ਬਾਖੂਬੀ ਪ੍ਰਗਟਾਇਆ। ਡਾ. ਨਵਦੀਪ ਕੌਰ ਨੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗਗਨਦੀਪ ਧਾਰਨੀ ਨੂੰ ਪ੍ਰੋਗਰਾਮ ਉਲੀਕਣ ਦੀ ਵਧਾਈ ਦਿੰਦਿਆਂ ਵਿਦਿਆਰਥਣਾਂ ਵੱਲੋਂ ਵਿਖਾਏ ਉਤਸ਼ਾਹ ਦੀ ਸ਼ਲਾਘਾ ਕੀਤੀ। ਸਮਾਗਮ 'ਚ ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਰੂਪਾ ਕੌਰ ਰਾਏ ਨੇ ਨਿਭਾਈ।

# 30.

## Martyrdom Day of S. Bhagat Singh celebrated



On March 22, 2023, under the able guidance of Dr. Amandeep Kaur (Additional charge) Principal KCW Sidhwan Khurd Martyrdom Day of S. Bhagat Singh was celebrated by Social Sciences Forum. S. Bhagat Singh was one of the revolutionaries who gave his life for the freedom of India. Students read out poems, sang songs, presented dance highlighting life and struggle of S. Bhagat Singh. Dr Navdip Kaur HoD PG Department of History, Prof. Hardeep Kaur Asst Prof. in History and Prof. Inderjit Kaur HOD PG Department of Punjabi shared information on the life, martyrdom, and contribution of Shaheed Bhagat Singh. A documentary film titled “Last 12 hours before death of S. Bhagat Singh” was shown to the students. The quiz moderated by Dr Jasdeep Kaur was held wherein the questions related to life of S Bhagat Singh were asked and students answer the questions enthusiastically. Prof. Karmdeep Kaur conducted the stage beautifully. Dr Jasdeep Kaur proposed formal vote of thanks. 53 students participated in the function.



ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਿਪਤ ਕਰਵਾਏ ਸਮਾਗਮ ਸਮੇਂ ਵਿਦਿਆਰਥਣਾਂ ਨਾਲ ਕਾਲਜ ਦਾ ਸਟਾਫ਼। ਤਸਵੀਰ : ਚੱਢਾ

# ਸਿੱਧਵਾਂ ਕਾਲਜ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਿਪਤ ਸਮਾਗਮ

ਚੌਕੀਮਾਨ, 22 ਮਾਰਚ (ਤੇਜਿੰਦਰ ਸਿੰਘ ਚੱਢਾ)-ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਪ੍ਰਿੰਸੀਪਲ ਡਾ: ਅਮਨਦੀਪ ਕੌਰ (ਐਡੀਸ਼ਨਲ ਚਾਰਜ) ਦੀ ਯੋਗ ਅਗਵਾਈ ਹੇਠ ਅਤੇ ਸੋਸ਼ਲ ਸਾਇੰਸ ਫੋਰਮ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਇਤਿਹਾਸ ਵਿਭਾਗ ਦੇ ਮੁਖੀ ਡਾ: ਨਵਦੀਪ ਕੌਰ ਨੇ ਸ਼ਹੀਦ-ਏ-ਆਜ਼ਮ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰੋ: ਹਰਦੀਪ ਕੌਰ ਨੇ ਸ: ਭਗਤ ਸਿੰਘ ਦੀ ਜੇਲ੍ਹ ਡਾਇਰੀ ਅਤੇ ਪ੍ਰੋ. ਇੰਦਰਜੀਤ ਕੌਰ ਨੇ ਸ਼ਹਾਦਤ ਦੇ ਸੰਕਲਪ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਵਿਦਿਆਰਥਣਾਂ ਨੇ ਕਵਿਤਾਵਾਂ ਅਤੇ ਗੀਤਾਂ ਰਾਹੀਂ ਆਪਣੀ ਭਾਵਨਾਵਾਂ ਦਾ ਇਜ਼ਹਾਰ ਕੀਤਾ। ਡਾ: ਜਸਦੀਪ ਕੌਰ ਨੇ ਸ: ਭਗਤ ਸਿੰਘ ਦੇ ਜੀਵਨ ਤੋਂ ਸੰਬੰਧਿਤ ਵਿਦਿਆਰਥਣਾਂ ਤੋਂ ਸਵਾਲ ਪੁੱਛੇ ਜਿਨ੍ਹਾਂ ਦੇ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਜਵਾਬ ਦਿੱਤੇ। ਜੇਤੂ ਵਿਦਿਆਰਥਣਾਂ ਨੂੰ ਹੌਸਲਾ ਅਫ਼ਜਾਈ ਲਈ ਇਨਾਮ ਤਕਸੀਮ ਕੀਤੇ ਗਏ। ਮੰਚ ਸੰਚਾਲਕ ਦੀ ਭੂਮਿਕਾ ਪ੍ਰੋ: ਕਰਮਦੀਪ ਕੌਰ ਨੇ ਬਾਖ਼ੂਬੀ ਨਿਭਾਈ।

ਸਮਾਗਮ ਦੇ ਅਖੀਰ ਵਿਚ ਡਾ: ਜਸਦੀਪ ਕੌਰ ਵਲੋਂ ਸੰਸਥਾ ਦੇ ਪ੍ਰਿੰਸੀਪਲ, ਅਧਿਆਪਕ ਸਾਹਿਬਾਨ ਅਤੇ ਵਿਦਿਆਰਥਣਾਂ ਦਾ ਧੰਨਵਾਦ ਕੀਤਾ। ਵਿਦਿਆਰਥਣਾਂ ਅਤੇ ਅਧਿਆਪਕਾਂ ਦੀ ਭਰਵੀਂ ਹਾਜ਼ਰੀ ਨਾਲ ਸਮਾਗਮ ਸਫ਼ਲ ਹੋਇਆ।

## 31.

## Screening of tele films 'Dharti Hethla Bald' and 'Anne Ghode da Dan'



On March 27, 2023, Post Graduate Department of Punjabi screened tele films 'Dharti Hethla Bald' and 'Anne Ghode da Dan'prescribed in the syllabi of BA, BABEd and B.Sc BEd First year and Third year respectively. 'Anne Ghode da Dan' effectively picturized the discparity between the

# 32.



ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਕਰਵਾਏ ਮੁਕਾਬਲਿਆਂ 'ਚ ਜੇਤੂ ਵਿਦਿਆਰਥਣਾਂ ਨਾਲ ਡਾ. ਨਵਦੀਪ ਕੌਰ, ਡਾ. ਇਕਬਾਲਜੀਤ ਕੌਰ, ਪ੍ਰੋ. ਰਮਨਪ੍ਰੀਤ ਕੌਰ, ਪ੍ਰੋ. ਰੂਪਾ ਕੌਰ ਰਾਏ ਅਤੇ ਹੋਰ। ਤਸਵੀਰ: ਚੱਢਾ

## ਸਿੱਧਵਾਂ ਕਾਲਜ ਵਿਚ 'ਅੰਗਰੇਜ਼ੀ ਭਾਸ਼ਾ ਦਿਵਸ' ਮਨਾਇਆ


ਚੌਂਕੀਮਾਨ, 21 ਅਪ੍ਰੈਲ (ਤੇਜਿੰਦਰ ਸਿੰਘ ਚੱਢਾ)-ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵਲੋਂ ਦੋ ਰੋਜ਼ਾ 'ਅੰਗਰੇਜ਼ੀ ਭਾਸ਼ਾ ਦਿਵਸ' ਮਨਾਇਆ ਗਿਆ। 19 ਅਪ੍ਰੈਲ ਨੂੰ ਵਿਲੀਅਮ ਸ਼ੇਕਸਪੀਅਰ ਨਾਲ ਸੰਬੰਧਿਤ ਕੈਲੋਗ੍ਰਾਫ਼ੀ ਮੁਕਾਬਲੇ ਅਤੇ 20 ਅਪ੍ਰੈਲ ਨੂੰ ਪੀ.ਪੀ.ਟੀ. ਮੁਕਾਬਲੇ ਕਰਵਾਏ। ਹਰ ਸਾਲ 23 ਅਪ੍ਰੈਲ ਨੂੰ 'ਅੰਗਰੇਜ਼ੀ ਭਾਸ਼ਾ ਦਿਵਸ' ਵਿਲੀਅਮ ਸ਼ੇਕਸਪੀਅਰ ਦੀ ਯਾਦ ਨੂੰ ਸਮਰਪਿਤ ਕੀਤਾ ਜਾਂਦਾ ਹੈ। ਵਿਦਿਆਰਥਣਾਂ ਨੇ ਸ਼ੇਕਸਪੀਅਰ ਦੇ ਜੀਵਨ ਅਤੇ ਰਚਨਾਵਾਂ 'ਤੇ ਅਧਾਰਿਤ ਕਰਵਾਏ ਮੁਕਾਬਲਿਆਂ ਵਿਚ ਵੱਧ-ਚੜ੍ਹਕੇ ਭਾਗ ਲਿਆ। ਇਸ ਮੌਕੇ ਇਤਿਹਾਸ ਵਿਭਾਗ ਦੇ ਮੁਖੀ ਡਾ. ਨਵਦੀਪ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਨ੍ਹਾਂ ਮੁਕਾਬਲਿਆਂ ਵਿਚ ਜੱਜਾਂ ਦੀ ਭੂਮਿਕਾ ਡਾ. ਇਕਬਾਲਜੀਤ ਕੌਰ ਅਤੇ ਪ੍ਰੋ. ਰਮਨਪ੍ਰੀਤ ਕੌਰ ਨੇ ਨਿਭਾਈ। ਡਾ. ਗਗਨਦੀਪ ਧਾਰਨੀ ਮੁਖੀ ਅੰਗਰੇਜ਼ੀ ਵਿਭਾਗ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ ਅਤੇ ਸ਼ੇਕਸਪੀਅਰ ਦੀਆਂ ਸਾਹਿਤਕ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਪ੍ਰੋ. ਰੂਪਾ ਕੌਰ ਰਾਏ ਨੇ ਸ਼ੇਕਸਪੀਅਰ ਦੇ ਸੌਨਿਟ ਨੰਬਰ 116 ਤੇ ਵਿਦਿਆਰਥਣਾਂ ਨਾਲ ਸੰਵਾਦ ਰਚਾਇਆ। ਮੁੱਖ ਮਹਿਮਾਨ ਡਾ. ਨਵਦੀਪ ਕੌਰ ਅਤੇ ਪ੍ਰੋ. ਇੰਦਰਜੀਤ ਕੌਰ ਨੇ ਉਲੀਕੇ ਸਮਾਗਮ ਦੀ ਸ਼ਲਾਘਾ ਕਰਦਿਆਂ ਅੰਗਰੇਜ਼ੀ ਵਿਭਾਗ ਨੂੰ ਵਧਾਈ ਦਿੱਤੀ। ਕੁੱਲ 45 ਵਿਦਿਆਰਥਣਾਂ ਤੇ 18 ਅਧਿਆਪਕਾਂ ਦੀ ਸ਼ਮੂਲੀਅਤ ਨਾਲ ਸਮਾਗਮ ਸਫ਼ਲਤਾਪੂਰਵਕ ਸੰਪੰਨ ਹੋਇਆ।

# 33.

## World Earth Day



On April 20, 2023, Department of Botany and Zoology observed World Earth Day. An Essay writing competition on the theme 'Innovative methods for plastic waste management' was held in which 13 students participated. Dr. Iqbaljeet Kaur, Prof. Gagandeep Aulakh, Dr. Amandeep Kaur and Prof. Gurjeet Singh enlightened the audience about reducing, reusing and recycling plants.



ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਵਿਸ਼ਵ ਧਰਤੀ ਦਿਵਸ ਮਨਾਉਣ ਸਮੇਂ ਕਰਵਾਏ ਮੁਕਾਬਲੇ ਵਿਚ ਹਿੱਸਾ ਲੈਂਦੀਆਂ ਵਿਦਿਆਰਥਣਾਂ। ਤਸਵੀਰ: ਤੇਜਿੰਦਰ ਸਿੰਘ ਚੱਢਾ

# ਸਿੱਧਵਾਂ ਕਾਲਜ 'ਚ ਵਿਸ਼ਵ ਧਰਤੀ ਦਿਵਸ ਮਨਾਇਆ

ਚੌਂਕੀਮਾਨ, 27 ਅਪ੍ਰੈਲ (ਤੇਜਿੰਦਰ ਸਿੰਘ ਚੱਢਾ)-ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਦੇ ਪ੍ਰਿੰਸੀਪਲ ਡਾ: ਅਮਨਦੀਪ ਕੌਰ (ਐਡੀਸ਼ਨਲ ਚਾਰਜ) ਦੀ ਯੋਗ ਅਗਵਾਈ ਹੇਠ ਬਨਸਪਤੀ ਅਤੇ ਜੀਵ ਵਿਗਿਆਨ ਵਿਭਾਗ ਵਲੋਂ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ। ਇਸ ਮੌਕੇ 'ਪਲਾਸਟਿਕ ਵੇਸਟ ਮੈਨਜਮੈਂਟ' ਵਿਸ਼ੇ 'ਤੇ ਲੇਖ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ 13 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ 'ਚ ਸ਼ੁਭਾਂਗੀ ਕੁਮਾਰੀ, ਸੁਖਜੀਤ ਕੌਰ, ਜਸ਼ਨਦੀਪ ਕੌਰ ਮਾਨ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਰਵਨੀਤ ਕੌਰ ਨੂੰ ਹੌਸਲਾ ਅਫ਼ਜਾਈ ਇਨਾਮ ਪ੍ਰਾਪਤ ਹੋਇਆ। ਵਿਭਾਗ ਦੇ ਮੁਖੀ ਡਾ: ਇਕਬਾਲਜੀਤ ਕੌਰ ਨੇ ਵਿਦਿਆਰਥਣਾਂ ਨੂੰ ਕਿਹਾ ਕਿ ਪਲਾਸਟਿਕ ਦਾ ਕੂੜਾ ਜਲਦੀ ਨਹੀਂ ਗਲਦਾ ਅਤੇ ਦਹਾਕਿਆਂ ਤੱਕ ਧਰਤੀ 'ਤੇ ਰਹਿੰਦਾ ਹੈ। ਇਸ ਲਈ ਸਾਡੀ ਧਰਤੀ ਨੂੰ ਬਚਾਉਣ ਲਈ ਇਸਦੇ ਯੋਗ ਪ੍ਰਬੰਧਨ ਦੀ ਲੋੜ ਹੈ। ਪ੍ਰੋ: ਗਗਨਦੀਪ ਔਲਖ, ਡਾ: ਅਮਨਦੀਪ ਕੌਰ ਅਤੇ ਪ੍ਰੋ: ਗੁਰਜੀਤ ਸਿੰਘ ਨੇ ਕਿਹਾ ਕਿ ਪਲਾਸਟਿਕ ਦੇ ਕੂੜੇ ਦਾ ਯੋਗ ਪ੍ਰਬੰਧਨ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਵਿਦਿਆਰਥੀਆਂ ਨੂੰ ਇਸ ਸਮੱਸਿਆ ਬਾਰੇ ਜਾਗਰੂਕ ਕੀਤਾ। ਸੰਸਥਾ ਦੇ ਪ੍ਰਿੰਸੀਪਲ ਡਾ: ਅਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਘੱਟ ਤੋਂ ਘੱਟ ਕਰਨ ਲਈ ਪ੍ਰੇਰਿਤ ਕੀਤਾ।

# 34.

**Nukkad Natak" on the theme 'Brain drain'**



On April 20, 2023, NSS Units and Red Ribbon Club under the aegis of IQAC performed a " Nukkad Natak" on the theme 'Brain drain' at Sidhwan Khurd village. 13 students showcased the contemporary issue to sensitize the village community about the false promise and harsh reality that migrants face in a foreign countries.



ਖ਼ਾਲਸਾ ਕਾਲਜ ਫ਼ਾਰ ਵਿਮੈੱਨ ਸਿੱਧਵਾਂ ਖੁਰਦ ਵਿਖੇ ਕਰਵਾਏ ਗਏ ਨੁੱਕੜ ਨਾਟਕ ਦੌਰਾਨ ਵਿਦਿਆਰਥਣਾਂ ਤੇ ਕਾਲਜ ਪ੍ਰਬੰਧਕ।

# ਸਿੱਧਵਾਂ ਕਾਲਜ 'ਚ ਨੁੱਕੜ ਨਾਟਕ ਦੀ ਪੇਸ਼ਕਾਰੀ

ਸਤੀਸ਼ ਗੁਪਤਾ, ਚੌਕੀਮਾਨ : ਖ਼ਾਲਸਾ ਕਾਲਜ ਫ਼ਾਰ ਵਿਮੈੱਨ ਸਿੱਧਵਾਂ ਖੁਰਦ ਦੇ ਐੱਨਐੱਸਐੱਸ, ਰੈੱਡ ਰਿਬਨ ਕਲੱਬ ਤੇ ਆਈਕਿਊਏਸੀ ਦੁਆਰਾ ਸਾਂਝੇ ਯਤਨਾਂ ਸਦਕਾ ਨੁੱਕੜ ਨਾਟਕ ਕਰਵਾਇਆ ਗਿਆ।

ਕਾਲਜ ਦੀਆਂ 13 ਵਿਦਿਆਰਥਣਾਂ ਨੇ ਪ੍ਰੋ. ਕਰਮਦੀਪ ਕੌਰ, ਪ੍ਰੋ. ਗੁਰਜੀਤ ਸਿੰਘ ਤੇ ਪ੍ਰੋ. ਨਿਧੀ ਚੋਪੜਾ ਦੀ ਅਗਵਾਈ ਅਧੀਨ ਪੰਜਾਬ ਦੇ ਭੱਖਦੇ ਮੁੱਦੇ ਆਈਲੈਟਸ, ਪ੍ਰਵਾਸ ਦੀ ਦੌੜ, ਸਿਆਸਤਦਾਨਾਂ ਦਾ ਕੌੜਾ ਸੱਚ ਆਦਿ ਸਬੰਧੀ ਜਾਗਰੂਕਤਾ ਹਿੱਤ ਪਿੰਡ ਸਿੱਧਵਾਂ ਖੁਰਦ ਵਿਖੇ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ। ਇਸ ਨਾਟਕ ਦਾ ਉਦੇਸ਼ ਵਿਭਿੰਨ ਸਮਕਾਲੀ ਸਮਾਜਿਕ ਪੱਖਾਂ ਪ੍ਰਤੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਸੀ। ਇਸ ਨਾਟਕ ਨੂੰ ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸੰਸਥਾ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਵਦੀਪ ਕੌਰ ਨੇ ਐੱਨਐੱਸਐੱਸ, ਰੈੱਡ ਰਿਬਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਨਾਟਕ ਸਮਾਜ ਨੂੰ ਇੱਕ ਚੰਗੀ ਸੇਧ ਦੇਣ ਦਾ ਸਫ਼ਲ ਉਪਰਾਲਾ ਹੈ।